# NARI SIRJIT PUNJABI GHAZAL DA MUHANDRA

# ਨਾਰੀ ਸਿਰਜਿਤ ਪੰਜਾਬੀ ਗ਼ਜ਼ਲ ਦਾ ਮੁਹਾਂਦਰਾ

ਡਾ. ਮਨਦੀਪ ਕੌਰ (Dr. Mandeep Kaur)

ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ,

ਏ.ਐੱਸ.ਕਾਲਜ,ਖੰਨਾ (ਪੰਜਾਬ)

Email ID: mandeepkaur.kaur91@gmail.com ਮੋਬਾਈਲ: +91-98771-53618

**ਸਾਰ (Abstract)**

*ਨਾਰੀ ਸਿਰਜਿਤ ਪੰਜਾਬੀ ਗ਼ਜ਼ਲ ਵਿੱਚ ਦੇ ਸ਼ਿਅਰ ਕਹਿਣ ਦਾ ਆਰੰਭ ਵੀਹਵੀਂ ਸਦੀ ਦੇ ਪੰਜਵੇਂ-ਛੇਵੇਂ ਦਹਾਕੇ ਵਿੱਚ ਹੋਇਆ ਮੰਨਿਆ ਜਾਂਦਾ ਹੈ। ਪੰਜਾਬੀ ਗ਼ਜ਼ਲ-ਖੇਤਰ ਵਿੱਚ ਨਾਰੀ ਪ੍ਰਵੇਸ਼ ਨਾਲ ਆਧੁਨਿਕ ਪੰਜਾਬੀ ਗ਼ਜ਼ਲ ਵਿੱਚ ਪਹਿਲੀ ਵਾਰ ਔਰਤ ਮਨੋਭਾਵਾਂ ਦੀ ਪੇਸ਼ਕਾਰੀ ਨਾਰੀ ਦ੍ਰਿਸ਼ਟੀਕੋਣ ਤੋਂ ਹੋਈ ਹੈ। ਇਸ ਤਰ੍ਹਾਂ ਵੀਹਵੀਂ ਸਦੀ ਦੇ ਸੱਤਵੇਂ-ਅੱਠਵੇਂ ਦਹਾਕੇ ਤੋਂ ਗ਼ਜ਼ਲ-ਸਿਰਜਣਾ ਦੇ ਖੇਤਰ ਵਿੱਚ ਨਾਰੀ ਦੀ ਸਰਗਰਮ ਭੂਮਿਕਾ ਨਜ਼ਰ ਆਉਂਦੀ ਹੈ। ਅੱਜ ਕਿਸੇ ਵੀ ਖੇਤਰ 'ਤੇ ਪੁੱਜੀਆਂ ਔਰਤਾਂ ਆਪਣੀ ਹਰ ਪ੍ਰਾਪਤੀ ਨੂੰ ਇਕ ਸੰਪੂਰਨ ਮਾਨਵੀ ਹੋਂਦ ਵਜੋਂ ਸਵੀਕਾਰ ਕਰਨਾ ਚਾਹੁੰਦੀਆਂ ਹਨ। ਅੱਜ ਦਾ ਸਮਾਂ ਹਰ ਤਰ੍ਹਾਂ ਦੀਆਂ ਹੱਦ-ਬੰਦੀਆਂ ਤੋਂ ਮੁਕਤੀ ਦਾ ਸਮਾਂ ਹੈ, ਕਿਉਂਕਿ ਵਿਸ਼ਵੀਕਰਨ ਦੀ ਪ੍ਰਕਿਰਿਆ ਨੇ ਸੰਚਾਰ, ਸੰਵਾਦ ਅਤੇ ਸਿਰਜਣਾ ਲਈ ਸਮੁੱਚੇ ਵਿਸ਼ਵ ਨੂੰ ਇੱਕੋ ਵਿਚਾਰ ਪੱਧਰ ਤੇ ਲਿਆ ਖੜ੍ਹਾ ਕੀਤਾ ਹੈ। ਨਾਰੀ ਸਿਰਜਿਤ ਪੰਜਾਬੀ ਗ਼ਜ਼ਲ ਵਿੱਚ ਨਾਰੀ ਸੰਵੇਦਨਾ, ਨਾਰੀ-ਚੇਤਨਾ ਦੇ ਰੂਪ ਵਿੱਚ ਪ੍ਰਸਤੁਤ ਹੋ ਕੇ ਰੈਡੀਕਲ ਰੂਪ ਗ੍ਰਹਿਣ ਨਹੀਂ ਕਰਦੀ। ਨਾਰੀ ਸਿਰਜਿਤ ਪੰਜਾਬੀ ਗ਼ਜ਼ਲ ਵਿੱਚ ਨਾਰੀ, ਮਰਦ ਤੋਂ ਪਿਆਰ ਦੀ ਮੰਗ ਕਰਦੀ ਹੋਈ ਮੁਹੱਬਤ ਦੇ ਰਿਸ਼ਤੇ ਨੂੰ ਹੰਢਣਸਾਰ ਬਨਾਉਣਾ ਚਾਹੁੰਦੀ ਹੈ। ਇਹ ਨਾਰੀ ਆਜ਼ਾਦ ਹੋਂਦ ਵਜੋਂ ਮਰਦ ਨਾਲ ਸੰਵਾਦ ਰਚਾਉਣ ਦੀ ਕੋਸ਼ਿਸ਼ ਵਿੱਚ ਹੈ।*

***ਕੀਵਰਡ (Keyword): ਆਧੁਨਿਕ ਕਾਵਿ, ਪੰਜਾਬੀ ਗ਼ਜ਼ਲ, ਨਾਰੀ, ਸੰਵੇਦਨਾ, ਚੇਤਨਾ, ਹੋਂਦ, ਸਰੋਕਾਰ।***

ਆਧੁਨਿਕ ਕਾਵਿ ਦੇ ਪਹਿਲੇ ਪੜਾਅ ਤੇ ਨਾਰੀ ਦਾ ਸਰੂਪ ਉਸ ਦੇ ਮੱਧ-ਕਾਲੀਨ ਸਰੂਪ ਤੋਂ ਵੱਖਰਾ ਨਹੀਂ। ਨਾਰੀ ਦ੍ਰਿਸ਼ਟੀ ਤੋਂ ਨਾਰੀ ਦਾ ਸਰੂਪ ਸਭ ਤੋਂ ਪਹਿਲਾਂ ਆਧੁਨਿਕ ਕਾਲ ਦੀ ਕਵਿਤਰੀ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ ਰਾਹੀਂ ਹੁੰਦਾ ਹੈ। ਪੂਰਵ ਅੰਮ੍ਰਿਤਾ ਯੁਗ ਵਿੱਚ ਸਾਨੂੰ ਕੋਈ ਅਜਿਹੀ ਨਾਰੀ ਕਵਿਤਰੀ ਪ੍ਰਾਪਤ ਨਹੀਂ ਜਿਸ ਦੇ ਕਾਵਿ ਵਿੱਚੋਂ ਨਾਰੀ ਸੰਵੇਦਨਾ ਪ੍ਰਤਿ ਸੰਕੇਤ ਪ੍ਰਾਪਤ ਹੁੰਦੇ ਹੋਣ। ਉਸ ਤੋਂ ਪੂਰਵਲੇ ਯੁੱਗ ਵਿੱਚ ਜੇਕਰ ਇਸਤਰੀਆਂ ਦੁਆਰਾ ਕਾਵਿ ਰਚਨਾ ਹੋਈ ਵੀ ਤਾਂ ਉਸ ਦੀ ਉੱਭਰਵੀਂ ਸੁਰ ਧਾਰਮਿਕ ਅਤੇ ਸੁਧਾਰਵਾਦੀ ਕਿਸਮ ਦੀ ਹੈ।

ਮਰਦ-ਪ੍ਰਧਾਨ ਸਮਾਜ ਵਿੱਚ ਨਾਰੀ ਸੰਵੇਦਨਾ ਨੂੰ ਭਰਵੇਂ ਤੇ ਭਰਪੂਰ ਰੂਪ ਵਿੱਚ ਚਿੱਤਰ ਕੇ ਅੰਮ੍ਰਿਤਾ ਪ੍ਰੀਤਮ ਨੇ ਨਾਰੀ ਸਿਰਜਿਤ ਕਵਿਤਾ ਦੇ ਖੇਤਰ ਵਿੱਚ ਇਤਿਹਾਸਿਕ ਭੂਮਿਕਾ ਜ਼ਰੂਰ ਅਦਾ ਕੀਤੀ ਹੈ। ਅੰਮ੍ਰਿਤਾ ਪ੍ਰੀਤਮ ਕਾਵਿ ਵਿੱਚ ਨਾਰੀ ਆਪਣੇ ਅਸਤਿੱਤ੍ਵ ਪ੍ਰਤਿ ਚੇਤੰਨ ਹੁੰਦੀ ਹੋਈ ਪਿਤਰਕੀ ਪ੍ਰਬੰਧ 'ਤੇ ਕਿੰਤੂ ਕਰਦੀ ਹੈ। ਜਦ ਕਿ ਮੁਢਲੀਆਂ ਨਾਰੀ ਕਵਿੱਤਰੀਆਂ ਨਾਰੀ ਦੇ ਸ਼ੋਸ਼ਣ, ਦਮਨ ਅਤੇ ਦੁਖਾਂਤ ਨੂੰ ਅਭਿਵਿਅਕਤੀ ਦਿੰਦੀਆਂ ਹਨ। ਅੱਠਵੇਂ–ਨੌਵੇਂ ਦਹਾਕੇ ਵਿੱਚ ਨਾਰੀ ਸੰਵੇਦਨਾ ਦੀ ਪ੍ਰਵਿਰਤੀ ਉੱਭਰਦੀ ਹੈ ਜੋ ਭਾਰੂ ਮਰਦ-ਪ੍ਰਧਾਨ ਦ੍ਰਿਸ਼ਟੀਕੋਣ, ਵਿਚਾਰਧਾਰਾ ਅਤੇ ਚੇਤਨਾ ਨੂੰ ਪੜਚੋਲਦੀ ਹੋਈ, ਇਸ ਵਿੱਚੋਂ ਆਪਣੀ ਸੁਤੰਤਰ ਹੋਂਦ ਦੀ ਪਹਿਚਾਣ ਕਰਦੀ ਹੈ। ਅਸਤਿੱਤ੍ਵ ਦਾ ਸੰਵੇਦਨਾਤਮਿਕ ਬਿਆਨ ਜਿੱਥੇ ਪੰਜਾਬੀ-ਕਾਵਿ ਵਿੱਚ ਰੈਡੀਕਲ ਅਤੇ ਵਿਦਰੋਹੀ, ਰੂਪ ਵਿੱਚ ਸਾਹਮਣੇ ਆਉਂਦਾ ਹੈ, ਉੱਥੇ ਪੰਜਾਬੀ ਗ਼ਜ਼ਲ ਵਿੱਚ ਇਸ ਦੀ ਸੁਰ ਵਿਲੱਖਣ ਹੈ।

ਗ਼ਜ਼ਲ ਦੇ ਸ਼ਿਅਰ ਕਹਿਣ ਦਾ ਆਰੰਭ ਵੀਹਵੀਂ ਸਦੀ ਦੇ ਪੰਜਵੇਂ-ਛੇਵੇਂ ਦਹਾਕੇ ਵਿੱਚ ਹੋਇਆ ਮੰਨਿਆ ਜਾਂਦਾ ਹੈ। ਪੰਜਾਬੀ ਗ਼ਜ਼ਲ-ਖੇਤਰ ਵਿੱਚ ਨਾਰੀ ਪ੍ਰਵੇਸ਼ ਨਾਲ ਆਧੁਨਿਕ ਪੰਜਾਬੀ ਗ਼ਜ਼ਲ ਵਿੱਚ ਪਹਿਲੀ ਵਾਰ ਔਰਤ ਮਨੋਭਾਵਾਂ ਦੀ ਪੇਸ਼ਕਾਰੀ ਨਾਰੀ ਦ੍ਰਿਸ਼ਟੀਕੋਣ ਤੋਂ ਹੋਈ ਹੈ। ਇਸ ਤਰ੍ਹਾਂ ਵੀਹਵੀਂ ਸਦੀ ਦੇ ਸੱਤਵੇਂ-ਅੱਠਵੇਂ ਦਹਾਕੇ ਤੋਂ ਗ਼ਜ਼ਲ-ਸਿਰਜਣਾ ਦੇ ਖੇਤਰ ਵਿੱਚ ਨਾਰੀ ਦੀ ਸਰਗਰਮ ਭੂਮਿਕਾ ਨਜ਼ਰ ਆਉਂਦੀ ਹੈ। ਨਾਰੀ ਸਿਰਜਿਤ ਪੰਜਾਬੀ ਗ਼ਜ਼ਲ

ਵਿਚਲੀ ਨਾਰੀ ਆਪਣੇ ਅਸਤਿੱਤ੍ਵ ਪ੍ਰਤਿ ਚੇਤਨਤਾ ਨੂੰ ਲਾਊਡ ਪੱਧਰ 'ਤੇ ਮਰਦ ਵਿਰੋਧੀ ਪੈਂਤੜੇ ਵਜੋਂ ਨਾ ਲੈਂਦੀ ਹੋਈ ਵਿਸ਼ਾਦ ਅਤੇ ਉਦਾਸੀ ਦੀ ਸੁਰ ਵਿੱਚ ਪ੍ਰਸਤੁਤ ਕਰਦੀ ਹੈ। ਗ਼ਜ਼ਲ ਵਿੱਚ ਪੇਸ਼ ਨਾਰੀ ਦਾ ਸਰੂਪ ਮੁਹੱਬਤ ਦੀ ਚਿਹਨਕਾਰੀ ਦੁਆਲੇ ਘੁੰਮਦਾ ਹੈ।

*ਮੌਜੂਦਾ ਦੌਰ ਤੱਕ ਪਹੁੰਚਦਿਆਂ ਸਾਹਿਤ ਦੇ ਬਾਕੀ ਕਾਵਿ-ਰੂਪਾਂ ਦੀ ਤਰ੍ਹਾਂ ਪੰਜਾਬੀ ਗ਼ਜ਼ਲ ਵਿੱਚ ਵੀ ਨਾਰੀ ਗ਼ਜ਼ਲਕਾਰਾਂ ਦੀ ਵੱਖਰੀ ਪਛਾਣ ਬਣ ਚੁੱਕੀ ਹੈ। ਕੁਝ ਵਿਦਵਾਨ ਬਲਜੀਤ ਤੁਲਸੀ ਦੁਆਰਾ ਉਰਦੂ ਅੱਖਰਾਂ ਵਿੱਚ ਲਿਖੀ ਪੰਜਾਬੀ ਗ਼ਜ਼ਲਾਂ ਦੀ ਪੁਸਤਕ 'ਮੌਜਿ ਬਹਰ ਹੈ' (1956) ਨੂੰ ਮੁਢਲਾ ਯਤਨ ਮੰਨਦੇ ਹਨ ਜਦ ਕਿ ਕੁਝ ਵਿਦਵਾਨ ਸਪਨਮਾਲਾ ਦੁਆਰਾ ਰਚਿਤ ਕਾਵਿ-ਸੰਗ੍ਰਹਿ 'ਅੰਦਰ ਚੁਪ ਰਿਹਾ' (1970) ਵਿੱਚ ਇੱਕ ਕਵਿਤਰੀ ਵਜੋਂ ਨਜ਼ਮਾਂ ਦੇ ਨਾਲ-ਨਾਲ ਗ਼ਜ਼ਲ ਦੇ ਸ਼ਿਅਰ ਕਹਿਣ ਦਾ ਆਰੰਭ ਵੀਹਵੀਂ ਸਦੀ ਦੇ ਪੰਜਵੇਂ-ਛੇਵੇਂ ਦਹਾਕੇ ਵਿੱਚ ਹੋਇਆ ਮੰਨਦੇ ਹਨ।*[1] ਉਸ ਦੁਆਰਾ ਰਚਿਤ ਕਾਵਿ-ਸੰਗ੍ਰਹਿ 'ਬਾਤਾਂ ਪਾਉਂਦੀ ਰਾਤ' (1960), 'ਸੁਪਨਿਆਂ ਦੀ ਮਾਲਾ' (1961), 'ਤਾਰਿਆਂ ਭਰੇ ਹੁੰਗਾਰੇ' (1966), ਹਨ। ਉਸ ਦੀ ਗ਼ਜ਼ਲ ਰਚਨਾ ਵਿੱਚ ਰੁਮਾਂਟਿਕ ਰੰਗ ਦੇਖਣ ਨੂੰ ਮਿਲਦਾ ਹੈ। ਜ਼ਿੰਦਗੀ ਦੀ ਅਟੱਲ ਸੱਚਾਈ ਨੂੰ ਰੂਪਮਾਨ ਕਰਦਾ ਸ਼ਿਅਰ ਦੇਖੋ :

*ਜਿਹੜੇ ਦੂਰੋਂ ਨਗੀਨੇ ਸੀ ਡਲ੍ਹਕੇ ਬੜੇ*
*ਦੇਖੇ ਕੋਲੋਂ ਤਾਂ ਜਾਪੇ ਉਹ ਹਲਕੇ ਬੜੇ।*[2]

ਉਸ ਦੀ ਸ਼ਾਇਰੀ ਨਿੱਜ ਤੋਂ ਪਰ ਤੱਕ ਦਾ ਸਫ਼ਰ ਤੈਅ ਕਰਦੀ ਹੋਈ ਗਹਿਰੇ ਅਹਿਸਾਸ ਨੂੰ ਬਿਆਨ ਕਰਦੀ ਹੈ। ਇਸ ਤਰ੍ਹਾਂ ਵੀਹਵੀਂ ਸਦੀ ਦੇ ਸੱਤਵੇਂ-ਅੱਠਵੇਂ ਦਹਾਕੇ ਤੋਂ ਨਾਰੀ ਸਿਰਜਿਤ ਪੰਜਾਬੀ ਗ਼ਜ਼ਲ ਵਿੱਚ ਨਾਰੀ ਦੀ ਸਰਗਰਮ ਸ਼ਮੂਲੀਅਤ ਦਾ ਆਰੰਭ ਹੁੰਦਾ ਹੈ। ਨਾਰੀ ਵਲੋਂ ਨਜ਼ਮ ਦੇ ਨਾਲ-ਨਾਲ ਗ਼ਜ਼ਲ ਦੇ ਸ਼ਿਅਰ ਕਹਿਣ ਦਾ ਆਰੰਭ ਵੀਹਵੀਂ ਸਦੀ ਦੇ ਪੰਜਵੇਂ-ਛੇਵੇਂ ਦਹਾਕੇ ਵਿੱਚ ਹੋਇਆ ਮੰਨਿਆ ਜਾਂਦਾ ਹੈ। ਪੰਜਾਬੀ ਗ਼ਜ਼ਲ-ਖੇਤਰ ਵਿੱਚ ਨਾਰੀ ਪ੍ਰਵੇਸ਼ ਨਾਲ ਆਧੁਨਿਕ ਪੰਜਾਬੀ ਗ਼ਜ਼ਲ ਵਿੱਚ ਪਹਿਲੀ ਵਾਰ ਔਰਤ ਮਨੋਭਾਵਾਂ ਦੀ ਪੇਸ਼ਕਾਰੀ ਨਾਰੀ ਦ੍ਰਿਸ਼ਟੀਕੋਣ ਤੋਂ ਹੋਈ ਹੈ। ਇਸ ਤਰ੍ਹਾਂ ਵੀਹਵੀਂ ਸਦੀ ਦੇ ਸੱਤਵੇਂ-ਅੱਠਵੇਂ ਦਹਾਕੇ ਤੋਂ ਗ਼ਜ਼ਲ-ਸਿਰਜਣਾ ਦੇ ਖੇਤਰ ਵਿੱਚ ਨਾਰੀ ਦੀ ਸਰਗਰਮ ਭੂਮਿਕਾ ਨਜ਼ਰ ਆਉਂਦੀ ਹੈ।

ਨਾਰੀ ਸਿਰਜਿਤ ਪੰਜਾਬੀ ਗ਼ਜ਼ਲ ਵਿਚ ਪੇਸ਼ ਨਾਰੀ ਸਹਿਜ ਰੂਪ ਵਿਚ ਆਪਣੇ ਅਸਤਿੱਤ੍ਵ ਨਾਲ ਜੁੜੇ ਪ੍ਰਸ਼ਨਾਂ ਦੇ ਰੂ-ਬ-ਰੂ ਹੁੰਦੀ ਹੋਈ ਸਮਕਾਲੀ ਪਰਿਸਥਿਤੀਆਂ ਨਾਲ ਸੰਵਾਦ ਰਚਾਉਂਦੀ ਹੈ। ਪ੍ਰਾਪਤ ਸਮਾਜਿਕ ਯਥਾਰਥ ਨੂੰ ਇੱਛਿਤ ਸਮਾਜਿਕ ਯਥਾਰਥ ਵਿੱਚ ਰੂਪਾਂਤਰਿਤ ਕਰਨਾ ਨਾਰੀ ਸਿਰਜਿਤ ਪੰਜਾਬੀ ਗ਼ਜ਼ਲ ਦਾ ਮੂਲ ਮਨੋਰਥ ਹੈ। ਸ਼ਾਇਰਾਤ ਨੇ ਗ਼ਜ਼ਲ ਦੀ ਸਿਰਜਣਾ ਕਰ ਕੇ ਜ਼ਿੰਦਗੀ ਦੇ ਅਹਿਮ ਮਸਲਿਆਂ ਨੂੰ ਨਾਰੀ ਦੀ ਸਮਝ ਅਤੇ ਸੰਵੇਦਨਾ ਨੂੰ ਨਵੇਂ ਨਜ਼ਰੀਏ ਤੋਂ ਪੇਸ਼ ਕਰਕੇ ਪੰਜਾਬੀ ਪਾਠਕਾਂ ਦਾ ਧਿਆਨ ਖਿੱਚਿਆ।

ਇੱਕੀਵੀਂ ਸਦੀ ਵਿੱਚ ਬਹੁਤ ਸਾਰੀਆਂ ਅਜਿਹੀਆਂ ਸ਼ਾਇਰਾਤ ਗ਼ਜ਼ਲ ਸਿਰਜਣਾ ਦੇ ਖੇਤਰ ਵਿੱਚ ਆਈਆਂ, ਜਿਨ੍ਹਾਂ ਨੇ ਗ਼ਜ਼ਲ ਦੀ ਸਿਰਜਣਾ ਕਰ ਕੇ ਜ਼ਿੰਦਗੀ ਦੇ ਅਹਿਮ ਮਸਲਿਆਂ ਨੂੰ ਨਾਰੀ ਦੀ ਵਿਚਾਰਧਾਰਕ ਸੰਵੇਦਨਾ ਨੂੰ ਨਵੇਂ ਨਜ਼ਰੀਏ ਤੋਂ ਪੇਸ਼ ਕਰਕੇ ਪੰਜਾਬੀ ਪਾਠਕਾਂ ਦਾ ਧਿਆਨ ਖਿੱਚਿਆ। ਨਾਰੀ ਸਿਰਜਿਤ ਪੰਜਾਬੀ ਗ਼ਜ਼ਲ ਦੇ ਪ੍ਰਸੰਗ ਵਿੱਚ ਮੁਢਲੇ ਤੌਰ 'ਤੇ ਯਤਨਸ਼ੀਲ ਸ਼ਾਇਰਾਤ ਸਪਨਮਾਲਾ ਅਤੇ ਬਲਜੀਤ 'ਤੁਲਸੀ' ਤੋਂ ਇਲਾਵਾ ਪ੍ਰਕਾਸ਼ ਕੌਰ 'ਹਮਦਰਦ', ਕੁਲਦੀਪ 'ਕਲਪਨਾ', ਸੁਰਜੀਤ 'ਸਖੀ', ਕਮਲ 'ਇਕਾਰਸ਼ੀ', ਡਾ. ਸਰਬਜੀਤ ਕੌਰ 'ਸੰਧਾਵਾਲੀਆ', ਸੁਰਜੀਤ 'ਕਲਸੀ', ਪਰਮਜੀਤ ਕੌਰ 'ਮਹਿਕ', ਸੁਖਵਿੰਦਰ 'ਅੰਮ੍ਰਿਤ', ਅਮਰਜੀਤ ਕੌਰ 'ਨਾਜ਼', ਕੁਲਜੀਤ 'ਗ਼ਜ਼ਲ', ਸਿਮਰਤ 'ਸੁਮੈਰਾ' ਅਨੂ 'ਬਾਲਾ', ਰੁਬੀਨਾ 'ਸ਼ਬਨਮ', ਗੁਰਚਰਨ ਕੌਰ 'ਕੋਚਰ', ਦੇਵਿੰਦਰ 'ਦਿਲਰੂਪ', ਸਿਮਰਨਜੋਤ 'ਮਾਨ' ਬਲਜੀਤ 'ਸੈਣੀ, ਅਮਰਜੀਤ ਕੌਰ 'ਅਮਰ' ਸੁਰਿੰਦਰ 'ਸਿਦਕ', ਰੇਣੂ 'ਨਈਅਰ', ਅਰਕਮਲ ਕੌਰ, ਰਾਜਵਿੰਦਰ ਕੌਰ 'ਜਟਾਣਾ' ਸਿਮਰਨ ਅਕਸ ਅਤੇ ਜੋਗਿੰਦਰ ਨੂਰਮੀਤ ਆਦਿ ਦੇ ਨਾਮ ਲਏ ਜਾ ਸਕਦੇ ਹਨ ਜਿਨ੍ਹਾਂ ਨੇ ਗਲੋਬਲੀ ਦੌਰ ਵਿੱਚ ਅਜੋਕੀ ਔਰਤ ਦੇ ਪਛਾਣ-ਮੂਲਕ ਅਤੇ ਹੋਂਦ ਮੂਲਕ ਮਸਲੇ ਸਮਾਜ ਸਾਹਮਣੇ ਰੱਖੇ ਹਨ।

ਉਹ ਸਾਰੇ ਖੇਤਰ ਜਿੱਥੇ ਹੁਣ ਤੱਕ ਸਿਰਫ਼ ਮਰਦਾਂ ਦੀ ਪਕੜ ਸੀ, ਅੱਜ ਔਰਤ ਵੀ ਉਨ੍ਹਾਂ ਉੱਪਰ ਕਾਬਿਜ਼ ਹੈ। ਅੱਜ ਕਿਸੇ ਵੀ ਖੇਤਰ 'ਤੇ ਪੁੱਜੀਆਂ ਔਰਤਾਂ ਆਪਣੀ ਹਰ ਪ੍ਰਾਪਤੀ ਨੂੰ ਇਕ ਸੰਪੂਰਨ ਮਾਨਵੀ ਹੋਂਦ ਵਜੋਂ ਸਵੀਕਾਰ ਕਰਨਾ ਚਾਹੁੰਦੀਆਂ ਹਨ। ਅੱਜ ਦਾ ਸਮਾਂ ਹਰ ਤਰ੍ਹਾਂ ਦੀਆਂ ਹੱਦ-ਬੰਦੀਆਂ ਤੋਂ ਮੁਕਤੀ ਦਾ ਸਮਾਂ ਹੈ, ਕਿਉਂਕਿ ਵਿਸ਼ਵੀਕਰਨ ਦੀ ਪ੍ਰਕਿਰਿਆ ਨੇ ਸੰਚਾਰ, ਸੰਵਾਦ ਅਤੇ ਸਿਰਜਣਾ ਲਈ ਸਮੁੱਚੇ ਵਿਸ਼ਵ ਨੂੰ ਇੱਕੋ ਵਿਚਾਰ ਪੱਧਰ ਤੇ ਲਿਆ ਖੜ੍ਹਾ ਕੀਤਾ ਹੈ।

*ਵਿਸ਼ਵੀਕਰਨ ਦੇ ਅੰਤਰਗਤ ਵਿਸ਼ਵ ਦੇ ਵੱਖ-ਵੱਖ ਦੇਸ਼ਾਂ ਦੇ ਆਰਥਿਕ, ਸਮਾਜਿਕ ਤੇ ਸੱਭਿਆਚਾਰਿਕ ਆਦਾਨ-ਪ੍ਰਦਾਨ ਨਾਲ ਇੱਕ ਨਵੀਂ ਵਿਸ਼ਵ-ਵਿਆਪੀ ਚੇਤਨਾ ਪੈਦਾ ਹੁੰਦੀ ਹੈ। ਇਸ ਨਾਲ ਵੱਖ-ਵੱਖ ਸਮਾਜਾਂ ਤੇ ਸੱਭਿਆਚਾਰਾਂ ਦੇ ਆਪਸੀ ਅੰਤਰ ਘਟਦੇ ਹਨ ਅਤੇ ਵਿਸ਼ਵ ਸਮਾਜ ਜਨਮ*

ਲੈਂਦਾ ਹੈ। ਵੀਹਵੀਂ ਸਦੀ ਦੇ ਆਖਰੀ ਦਹਾਕਿਆਂ ਵਿੱਚ ਸੋਵੀਅਤ ਯੂਨੀਅਨ ਦਾ ਬਿਖਰ ਜਾਣਾ, ਸਮਾਜਵਾਦੀ ਦੇਸ਼ਾਂ ਦਾ ਮੰਡੀ ਆਰਥਿਕਤਾ ਸ਼ਾਮਿਲ ਹੋਣਾ, 1994 ਵਿਚ ਗੈਟ ਸਮਝੌਤੇ ਉੱਪਰ ਸਹਿਮਤੀ ਅਤੇ 1995 ਤੋਂ ਇਸ ਦੇ ਲਾਗੂ ਹੋਣ ਨਾਲ ਵਿਸ਼ਵ ਵਪਾਰ ਸੰਸਥਾ ਦਾ ਗੈਟ ਦੀ ਥਾਂ ਸਥਾਪਿਤ ਹੋਣਾ ਕੁਝ ਅਜਿਹੀਆਂ ਘਟਨਾਵਾਂ ਹਨ, ਜਿਨ੍ਹਾਂ ਨੇ ਵਿਸ਼ਵੀਕਰਨ ਦੀ ਪ੍ਰਕਿਰਿਆ ਵਿਚ ਹੋਰ ਤੇਜ਼ੀ ਲਿਆਂਦੀ ਹੈ।[3] ਵਿਸ਼ਵੀਕਰਨ ਦੇ ਵਰਤਾਰੇ ਅਧੀਨ ਮਨੁੱਖੀ ਜੀਵਨ ਉੱਤੇ ਪਏ ਪ੍ਰਭਾਵਾਂ ਦਾ ਜ਼ਿਕਰ ਕਰਦਿਆਂ ਡਾ. ਹਰਿਭਜਨ ਸਿੰਘ ਭਾਟੀਆ ਲਿਖਦਾ ਹੈ, *"ਸੂਚਨਾ ਤਕਨੀਕ ਤੇ ਵਿਗਿਆਨ ਦੀ ਹੈਰਾਨੀਜਨਕ ਉੱਨਤੀ ਵਜੋਂ ਪੂਰਾ ਵਿਸ਼ਵ ਇੱਕ 'ਗਲੋਬਲ ਪਿੰਡ' ਬਣ ਗਿਆ।"*[4] ਸਮਾਜਿਕ, ਆਰਥਿਕ, ਰਾਜਨੀਤਿਕ, ਸੱਭਿਆਚਾਰਕ ਅਤੇ ਵਿਗਿਆਨਿਕ ਖੇਤਰਾਂ ਵਿੱਚ ਬਹੁਤ ਤੇਜ਼ੀ ਨਾਲ ਪਰਿਵਰਤਨ ਆਇਆ ਅਤੇ ਹਰ ਤਰ੍ਹਾਂ ਦੇ ਸਮਾਜਿਕ ਪ੍ਰਤਿਮਾਨ ਬਦਲ ਗਏ। ਇਸ ਵਰਤਾਰੇ ਨਾਲ ਮਾਨਵੀ ਰਿਸ਼ਤਿਆਂ ਦਾ ਵਿਗਠਨ ਹੋਇਆ ਹੈ, ਮਹਾਂ ਨਾਇਕ ਦਾ ਸੰਕਲਪ ਟੁੱਟਿਆ ਅਤੇ ਲਘੂ ਮਾਨਵ ਕੇਂਦਰ ਵਿੱਚ ਆਇਆ। ਵਿਸ਼ਵੀਕਰਨ ਦੇ ਵਰਤਾਰੇ ਅਧੀਨ ਔਰਤ ਉੱਤੇ ਪਏ ਇਸ ਦੇ ਪ੍ਰਭਾਵਾਂ ਸੰਬੰਧੀ ਡਾ. ਹਰਪਾਲ ਸਿੰਘ ਭੱਟੀ ਦੇ ਅਨੁਸਾਰ, *"ਇਸ ਦੌਰ ਵਿੱਚ ਸੰਚਾਰ ਸਾਧਨਾਂ ਨੇ ਸੂਚਨਾ ਨੂੰ ਅੰਤਰ-ਰਾਸ਼ਟਰੀ ਵਿਸਥਾਰ ਪ੍ਰਦਾਨ ਕੀਤਾ। ਸਿੱਟੇ ਵਜੋਂ ਖ਼ਪਤ ਸੱਭਿਆਚਾਰ ਹੀ ਭਾਰੂ ਨਹੀਂ ਹੋਇਆ ਸਗੋਂ ਮਨੁੱਖ ਦਾ ਅਮਾਨਵੀਕਰਨ ਵੀ ਹੋਇਆ ਹੈ। ਇਸ ਦਾ ਦੇਖਣ ਯੋਗ ਪ੍ਰਭਾਵ ਔਰਤ 'ਤੇ ਪਿਆ। ਉਸ ਦੀ ਹੋਂਦ ਸਿਰਫ਼ ਦੇਹ ਤੱਕ ਸੀਮਤ ਹੋ ਕੇ ਰਹਿ ਗਈ। ਉਸ ਦਾ ਸ਼ੋਸ਼ਣ ਨਵੀਨਤਮ ਢੰਗਾਂ ਨਾਲ 'ਆਧੁਨਿਕਤਾ' ਦੇ ਨਾਂ 'ਤੇ ਹੋਣ ਲੱਗ ਪਿਆ। ਦੇਹ ਦੇ ਇਸ ਸੰਕਲਪ ਨੇ ਔਰਤ ਨੂੰ 'ਸੁਹਜ' ਤੋਂ 'ਵਸਤੂ' ਵਿੱਚ ਤਬਦੀਲ ਕਰ ਦਿੱਤਾ।"*[5] ਜਿੱਥੇ ਸਾਮੰਤਵਾਦੀ ਸਭਿਆਚਾਰ ਵਿੱਚ ਔਰਤ ਨੂੰ ਪਰਦੇ ਦੀ ਕੈਦ ਵਿੱਚ ਰੱਖਿਆ ਜਾਂਦਾ ਸੀ, ਉੱਥੇ ਇਸ ਦੌਰ ਵਿੱਚ ਇਸਤਰੀ ਨੂੰ ਆਜ਼ਾਦੀ ਅਤੇ ਬਰਾਬਰੀ ਦੇ ਨਾਂ 'ਤੇ ਵਸਤਰਹੀਣ ਕੀਤਾ ਗਿਆ। ਇਸ ਵਰਤਾਰੇ ਨੇ ਨਾਰੀਵਾਦੀ ਚੇਤਨਾ ਨੂੰ ਜਨਮ ਦਿੱਤਾ। ਆਧੁਨਿਕ ਵਰਗ ਦੀ ਅਜਿਹੀ ਚੇਤਨਾ ਦੀ ਪੇਸ਼ਕਾਰੀ ਗਲੋਬਲੀ ਦੌਰ ਦੀ ਪੰਜਾਬੀ ਗ਼ਜ਼ਲ ਵਿਚ ਪੂਰਨ ਸਮਰੱਥਾ ਤੇ ਵਿਲੱਖਣਤਾ ਨਾਲ ਪੇਸ਼ ਹੋਈ ਹੈ। ਪੰਜਾਬੀ ਸ਼ਾਇਰਾਤ ਔਰਤ ਦੇ 'ਸੁਹਜ' ਤੋਂ ਵਸਤੂ ਵਿੱਚ ਤਬਦੀਲ ਹੋਣ ਦੇ ਇਸ ਵਰਤਾਰੇ ਨੂੰ ਕਾਵਿ-ਅਭਿਵਿਅਕਤੀ ਪ੍ਰਦਾਨ ਕਰਦੀਆਂ ਲਿਖਦੀਆਂ ਹਨ :

*ਇਹ ਕੈਸਾ ਦੌਰ ਹੈ ਹਰ ਭਾਵਨਾ ਵਿਉਪਾਰ ਹੋਈ ਹੈ*

*ਗਲੋਬਲ ਹਿਰਸ ਦੀ ਮੰਡੀ ਦਾ ਹੀ ਬਸ ਵਿਸਥਾਰ ਹੋਈ ਹੈ।*[6]

*ਇਹ ਫ਼ੈਸ਼ਨ ਕਿਸ ਤਰ੍ਹਾਂ ਦਾ ਆ ਰਿਹੈ, ਤੌਬਾ ਮੇਰੀ ਤੌਬਾ।*

*ਕਿ ਕੱਪੜਾ ਤਨ ਤੋਂ ਘਟਦਾ ਜਾ ਰਿਹੈ, ਤੌਬਾ ਮੇਰੀ ਤੌਬਾ।*[7]

ਨਵੀਆਂ ਸਥਿਤੀਆਂ ਵਿੱਚ ਘਰ / ਪਰਿਵਾਰ / ਵਿਆਹ ਸੰਸਥਾਵਾਂ ਦੇ ਨਵੇਂ ਸੰਕਲਪ ਪੁਰਾਤਨ ਜੀਵਨ ਮੁੱਲਾਂ ਨਾਲ ਲਗਾਤਾਰ ਤਣਾਓ ਵਿੱਚ ਪ੍ਰਤੀਤ ਹੁੰਦੇ ਹਨ। ਪਿੱਤਰਸੱਤਾ ਆਧਾਰਤਿ ਇਨ੍ਹਾਂ ਸੰਸਥਾਵਾਂ ਨਾਲ ਸੰਵਾਦ ਰਚਾਉਂਦੀ ਨਾਰੀ ਪੰਜਾਬੀ ਗ਼ਜ਼ਲ ਪਿੱਤਰਸੱਤਾ ਦੇ ਸੰਸਕਾਰਾਂ ਦੀ ਜਕੜ ਨੂੰ ਪਹਿਚਾਣਦੀ ਹੈ, ਜੋ ਔਰਤ ਦੇ ਰਾਹ ਵਿੱਚ ਰੁਕਾਵਟਾਂ ਬਣਦੀਆਂ ਹਨ। ਜਿਸ ਘਰ ਦੀ ਦੁਹਾਈ ਦੇ ਕੇ ਔਰਤ ਨੂੰ ਵਰਗਲਾਇਆ ਜਾਂਦਾ ਹੈ, ਉਸ ਘਰ ਵਿੱਚ ਉਸ ਦੀ ਹੋਂਦ ਸਿਰਫ਼ ਇੱਕ ਵਸਤੂ ਤੋਂ ਵੱਧ ਕੁਝ ਵੀ ਨਹੀਂ ਹੁੰਦੀ। ਉਹ ਆਪਣੇ ਪੇਕਿਆਂ ਦੇ ਘਰ ਵੀ ਬੇਗਾਨਾ ਧਨ ਕਹਾਉਂਦੀ ਹੈ ਅਤੇ ਸਹੁਰੇ ਘਰ ਵੀ ਉਸ ਨੂੰ ਪਰਾਈ ਕਿਹਾ ਜਾਂਦਾ ਹੈ। ਉਹ ਅਜਿਹਾ ਘਰ ਚਾਹੁੰਦੀ ਹੈ, ਜਿੱਥੇ ਉਹ ਆਪਣੀ ਹੋਂਦ ਨੂੰ ਮਹਿਸੂਸ ਕਰ ਸਕੇ।

*ਮੈਂ ਕਿਸ ਨੂੰ ਆਪਣਾ ਆਖਾਂ ਕੀ ਏਥੇ ਹੈ ਮੇਰਾ।*

*ਮੈਂ ਕੱਲ੍ਹ ਪੇਕੇ ਪਰਾਈ ਸੀ ਤੇ ਅੱਜ ਸਹੁਰੇ ਪਰਾਈ ਹਾਂ।*[8]

*ਹੈ ਆਦਤ ਮੌਸਮਾਂ ਦੇ ਨਾਲ ਹੀ ਟਕਰਾਉਣ ਦੀ ਹੁਣ ਤਾਂ*

*ਮਿਲੀ ਜਿੱਥੇ ਕਿਤੇ ਵੀ, ਨਾ ਮੁਕੰਮਲ ਛਤ ਮਿਲੀ ਮੈਨੂੰ।*[9]

*ਮੈਂ ਆਪਣੀ ਰੂਹ 'ਚ ਹੀ ਸਾਂਭੇ ਨੇ ਆਪਣੀ ਹੋਂਦ ਦੇ ਟੁਕੜੇ*

*ਤੇਰੇ ਘਰ ਵਿਚ ਤੇਰੀ ਮਰਜ਼ੀ ਬਿਨਾਂ ਕਿਥੇ ਬਿਖਰਦੀ ਮੈਂ?*[10]

*ਗਲੋਬਲੀ ਦੌਰ ਦੀ ਨਾਰੀ ਸਿਰਜਿਤ ਪੰਜਾਬੀ ਗ਼ਜ਼ਲ ਦਾ ਮੂਲ ਮੁੱਦਾ ਔਰਤ ਦੀ ਹੋਂਦ ਦੀ ਸਥਾਪਤੀ ਦਾ ਹੈ। "ਅਸਤਿਤ੍ਵਵਾਦੀਆਂ ਅਨੁਸਾਰ ਮਨੁੱਖ ਪ੍ਰਮਾਣਿਕ ਅਸਤਿਤ੍ਵ ਦੀ ਤਲਾਸ਼ ਵਿੱਚ ਵਿਸੰਗਤ ਹੋ ਕੇ ਭਟਕਦਾ ਹੈ ਅਤੇ ਆਪਣੀ ਇਸ ਤਲਾਸ਼ ਵਿੱਚ ਉਸਨੂੰ ਵਿਸ਼ਾਦ ਦਾ ਮੂੰਹ ਦੇਖਣਾ ਪੈਂਦਾ ਹੈ।"*[11]

ਔਰਤ ਸਮਾਜ ਦਾ ਅਨਿੱਖੜ ਅੰਗ ਹੈ। ਸਥਿਤੀ ਦਾ ਦੁਖਾਂਤ ਇਹ ਹੈ ਕਿ ਸਮਾਜ ਪੂੰਜੀਪਤੀਆਂ ਦਾ ਹੈ। ਜਿੱਥੇ ਧੋਖਾ, ਫ਼ਰੇਬ ਇਸਦੇ ਅਨਿੱਖੜਵੇਂ ਅੰਗ ਹੋ ਨਿਬੜਦੇ ਹਨ। ਅਜਿਹੇ ਸਮਾਜ ਵਿੱਚ ਔਰਤ ਦੀ ਹੋਂਦ ਸਿਫ਼ਰ ਹੁੰਦੀ ਹੈ। ਔਰਤ ਨਿਰੰਤਰ ਆਪਣੇ ਅਸਤਿਤ੍ਵ ਪ੍ਰਤਿ ਚਿੰਤਿਤ ਰਹਿੰਦੀ ਹੈ, ਅਜਿਹੇ ਮਾਨਸਿਕ ਤਣਾਓ ਵਿੱਚ ਹੀ ਦੁਖਾਂਤ ਉਪਜਦਾ ਹੈ; ਜੋ ਉਸ ਦੀ ਹੋਣੀ ਬਣ ਜਾਂਦਾ ਹੈ। ਇਸ ਨੂੰ ਬਿਆਨ ਕਰਦੇ ਸ਼ਿਅਰ ਜ਼ਿਕਰਯੋਗ ਹਨ :

*ਜੇ ਨਹੀਂ ਹੈ ਮੋਹ ਮੁਹੱਬਤ ਦੋਸਤੀ*

*ਕੀ ਕਰੋਗੇ ਇਸ ਤਰ੍ਹਾਂ ਦੀ ਜ਼ਿੰਦਗੀ।* [12]

*ਹੈ ਬਿਹਤਰ ਵੇਖਦੇ ਰਹਿਣਾ ਇਨਾਂ ਨੂੰ ਹੱਥ ਨਾ ਲਾਉਣਾ*
*ਕਿ ਇੱਥੇ ਫੁੱਲ ਵੀ ਅੰਗਿਆਰਿਆਂ ਦੇ ਵਾਂਗ ਮਿਲਦੇ ਨੇ।* [13]

ਗਲੋਬਲੀ ਯੁੱਗ ਦੀ ਔਰਤ ਦੀ ਹੋਂਦ ਸਮਕਾਲੀ ਸਮਾਜਿਕ ਪਰਿਸਥਿਤੀਆਂ ਕਾਰਨ ਸਵੈ-ਖੰਡਿਤ ਆਪੇ ਵਾਲੀ ਹੈ। ਔਰਤ ਸਮਕਾਲੀ ਹਾਲਾਤ ਨੂੰ ਸਹਿਣ ਕਰਦੀ ਕਿਧਰੇ ਮੂਕ ਰਹਿੰਦੀ ਹੈ ਅਤੇ ਕਿਧਰੇ ਇਨ੍ਹਾਂ ਤੋਂ ਛੁਟਕਾਰਾ ਪਾਉਣ ਲਈ ਛਟਪਟਾਉਂਦੀ ਹੈ। ਔਰਤ ਦੀ ਮਾਨਸਿਕ ਦੁਬਿਧਾ, ਅਸਤਿਤ੍ਵ ਦਾ ਸੰਕਟ, ਅਸ਼ਾਂਤੀ, ਉਪਰਾਮਤਾ, ਟੁੱਟ ਚੁੱਕੇ ਪਰਿਵਾਰਿਕ ਰਿਸ਼ਤੇ ਅਤੇ ਮਾਨਸਿਕ ਭਟਕਣਾ ਦਾ ਮਾਰਮਿਕ ਚਿਤਰ ਪੇਸ਼ ਕਰਦੇ ਸ਼ਿਅਰ ਵੇਖੋ :

*ਅਜ਼ਲਾਂ ਤੋਂ ਕੈਦ ਮੈਨੂੰ, ਉਮਰਾਂ ਦੀ ਹੈ ਗ਼ੁਲਾਮੀ,*
*'ਬੇਟੀ' ਤੋਂ 'ਵਹੁਟੀ' ਬਣ ਕੇ ਪਿੰਜਰਾ ਬਦਲ ਰਹੀ ਹਾਂ।* [14]

*ਝਾਂਜਰਾਂ ਦੇ ਰੂਪ ਵਿਚ ਨੇ ਬੇੜੀਆਂ*
*ਚੂੜੀਆਂ ਦੇ ਰੂਪ ਵਿਚ ਹੈ ਹਥਕੜੀ।* [15]

*ਸਬਰ ਮੇਰੇ ਦੀ ਜਦ ਇੰਤਹਾ ਹੋ ਗਈ,*
*ਤੋੜ ਕੇ ਬੇੜੀਆਂ ਮੈਂ ਰਿਹਾ ਹੋ ਗਈ।* [16]

ਵਿਸ਼ਵੀਕਰਨ ਦੇ ਵਰਤਾਰੇ ਦੌਰਾਨ ਅਜੋਕੀ ਔਰਤ ਦੀ ਹੋਂਦ ਇਕ 'ਵਸਤ' ਜਾਂ 'ਦੇਹ' ਤੱਕ ਹੀ ਸੀਮਤ ਹੋ ਕੇ ਰਹਿ ਗਈ ਹੈ। ਇਸ ਬਾਰੇ ਡਾ. ਸੁਖਦੇਵ ਸਿੰਘ ਦਾ ਮਤ ਹੈ, 'ਅੱਜ ਵਿਸ਼ਵ ਬਾਜ਼ਾਰ ਉਪਰ ਵਿੱਤੀ ਪੂੰਜੀ ਦਾ ਪੂਰਨ ਕੰਟਰੋਲ ਹੈ। ਪੂੰਜੀਵਾਦੀ ਸਾਮਰਾਜ ਨੇ ਆਪਣਾ ਉਤਪਾਦਨ ਵੇਚਣ ਲਈ ਜਿਸ ਜਟਿਲ ਸੂਖਮ ਤੰਤਰ ਦੀ ਸਿਰਜਣਾ ਕੀਤੀ ਹੈ, ਉਹ ਲੋਕ-ਵਿਰੋਧੀ ਪਰ ਭਰਮਾਊ ਹੈ। *ਮੰਡੀ ਦੇ ਵਿਸਤਾਰ ਲਈ ਸਿਰਜੇ ਵਿਗਿਆਪਨਾਂ, ਸੰਚਾਰ ਸਾਧਨਾਂ ਤੇ ਮੀਡੀਏ ਨੇ ਮਨੁੱਖ ਨੂੰ 'ਵਸਤ' ਤੱਕ ਘਟਾ ਦਿੱਤਾ ਹੈ। ਸਭ ਨੈਤਿਕ ਮੁੱਲਾਂ ਤੇ ਮਰਿਆਦਾਵਾਂ ਨੂੰ ਉਲੰਘ ਕੇ ਮੀਡੀਆ ਔਰਤ ਨੂੰ 'ਕਾਮੁਕ ਦੇਹ' ਤੱਕ ਘਟਾ ਰਿਹਾ ਹੈ। ਕੱਪੜਿਆਂ, ਗਹਿਣਿਆਂ ਤੇ ਕੌਸਮੈਟਿਕਸ ਦਾ ਸਮਾਨ ਵੇਚਣ ਵਾਲੇ ਵਿਗਿਆਪਨਾਂ ਵਿੱਚ ਔਰਤ ਦੇਹ ਵੱਧ ਤੋਂ ਵੱਧ ਨੰਗੀ ਹੈ।'* [17] ਇਸ ਵਰਤਾਰੇ ਅਧੀਨ ਔਰਤ ਉੱਤੇ ਪਏ ਪ੍ਰਭਾਵ ਪ੍ਰਤਿ ਚਿੰਤਾ ਜ਼ਾਹਿਰ ਕਰਦੀ ਸ਼ਾਇਰਾ ਗੁਰਚਰਨ ਕੌਰ ਕੋਚਰ ਦਾ ਸ਼ਿਅਰ ਵੇਖੋ :

*ਟੀ.ਵੀ. ਤੇ ਨੰਗੀਆਂ ਤਸਵੀਰਾਂ ਕਿਸ ਨੇ ਢਾਇਆ ਕਹਿਰ, ਨਾ ਪੁੱਛ।*

*ਜਿਸਮ ਉਹਦਾ ਕਿਉਂ ਨੀਲਾ ਹੋਇਐ ਕਿਹੜਾ ਚੜ੍ਹਿਆ ਜਹਿਰ, ਨਾ ਪੁੱਛ।* [18]

ਸੱਭਿਆਚਾਰ ਤੇ ਪੂੰਜੀਵਾਦੀ ਸਿਸਟਮ ਦੀ ਮੁਨਾਫ਼ਾ ਕੇਂਦਰਿਤ ਸੋਚ ਨੇ ਔਰਤ ਨੂੰ ਵਸਤੂ-ਵਿਕਰੀ ਲਈ ਮੋਹਰੇ ਦੇ ਰੂਪ ਵਿੱਚ ਪੇਸ਼ ਕੀਤਾ ਹੈ। ਖ਼ਪਤ ਸੱਭਿਆਚਾਰ ਨੇ ਔਰਤ ਦੇ ਜਿਸਮ ਨੂੰ ਵਸਤੂ ਵਿੱਚ ਪਰਿਵਰਤਿਤ ਕਰ ਦਿੱਤਾ ਹੈ, ਜਿਸ ਦੇ ਫ਼ਲਸਰੂਪ ਔਰਤ ਦੀ ਸਿਰਣਾਤਮਕ ਕਰਤਾਰੀ ਹੋਂਦ ਨੂੰ ਠੇਸ ਪਹੁੰਚੀ। ਮਰਦ-ਪੱਖੀ ਸਮਾਜਿਕ, ਸੱਭਿਆਚਾਰਿਕ ਪ੍ਰਬੰਧ ਵਿੱਚ ਘਰ, ਵਿਆਹ, ਪਰਿਵਾਰ ਆਦਿ ਸਮਾਜਿਕ ਸੰਸਥਾਵਾਂ ਅਤੇ ਮਰਿਆਦਾਵਾਂ ਔਰਤ ਦੇ ਲਈ ਪਿੰਜਰਾ ਬਣ ਕੇ ਰਹਿ ਜਾਂਦੇ ਹਨ। ਸਥਿਤੀ ਦੀ ਵਿਡੰਬਨਾ ਇਹ ਹੈ ਕਿ ਉਹ ਪਰਾਂ ਦੇ ਹੁੰਦਿਆਂ ਹੋਇਆਂ ਵੀ ਪਰਵਾਜ਼ ਭਰਨ ਤੋਂ ਅਸਮਰੱਥ ਹੈ। ਤ੍ਰਾਸਦੀ ਇਸ ਗੱਲ ਵਿੱਚ ਹੈ ਕਿ ਅਜੋਕੀ ਔਰਤ ਅਸਮਾਨ ਤੇ ਪਿੰਜਰੇ ਦੀਆਂ ਖੁੱਲ੍ਹਾਂ-ਬੰਦਸ਼ਾਂ, ਵਿਸ਼ਾਲਤਾਵਾਂ-ਵਰਜਣਾਵਾਂ ਇਨ੍ਹਾਂ ਪਰਸਪਰ ਵਿਰੋਧੀ ਭੂਮਿਕਾਵਾਂ ਤੋਂ ਪੂਰੀ ਤਰ੍ਹਾਂ ਚੇਤੰਨ ਹੈ। ਉਹ ਸ਼ਾਇਰੀ ਰਾਹੀਂ ਆਪਣਾ ਰੋਹ ਇਸ ਤਰ੍ਹਾਂ ਜ਼ਾਹਿਰ ਕਰਦੀ ਹੈ:

*ਫੁਰਸਤ ਨੂੰ ਤਰਸਦੀ ਜੋ ਦਿਨ ਰਾਤ ਚੱਲਦੀ ਹੈ*
*ਗ੍ਰਹਿਸਥ ਦੇ ਰੋੜ ਪੀਂਹਦੀ ਹੋਈ ਮਸ਼ੀਨ ਹਾਂ ਮੈਂ।* [19]

*ਹਰ ਜਨਮ ਹੀ ਸ਼ੰਕਿਆਂ ਦੀ ਅੱਗ ਵਿਚ ਝੋਂਕੀ ਗਈ*
*ਹਰ ਜਨਮ ਹੀ ਦਰੋਪਦੀ ਬਣ ਕੇ ਲੁਹਾਏ ਚੀਰ ਮੈਂ।* [20]

*ਪਾਗ਼ਲ ਤਿਤਲੀ ਫੁੱਲਾਂ ਤੋਂ ਇਕ ਵਿੱਥ ਬਣਾ ਕੇ ਉੱਡਦੀ ਏ,*
*ਸ਼ਾਇਦ ਰੰਗਾਂ ਹੱਥੋਂ ਉਸਦਾ ਟੁੱਟਿਆ ਏ ਵਿਸ਼ਵਾਸ ਕਿਤੇ।* [21]

*ਪਰਿੰਦੇ ਨੂੰ ਉਹ ਪਾ ਕੇ ਪਿੰਜਰੇ ਵਿਚ ਗਾਉਣ ਨੂੰ ਆਖੇ,*
*ਜੋ ਲਿਖਦਾ ਸੀ ਗ਼ਜ਼ਲ ਇਕ ਸ਼ੋਖ਼ ਉਡਦੀ ਤਿਤਲੀ ਉੱਤੇ।* [22]

ਔਰਤ ਦੀ ਹੋਂਦ ਦਾ ਮਸਲਾ ਉਸਦੇ ਜਨਮ ਨਾਲ ਜਾ ਜੁੜਦਾ ਹੈ। ਉਸਦਾ ਇੱਕ ਕੁੜੀ ਵਜੋਂ ਸੰਸਾਰ ਵਿਚ ਪ੍ਰਵੇਸ਼ ਕਰਨਾ ਹੀ ਚੁਣੌਤੀਆਂ ਨੂੰ ਸੱਦਾ ਦਿੰਦਾ ਹੈ। *ਜਾਗੀਰਦਾਰੀ ਪ੍ਰਬੰਧ ਤੋਂ ਆਰੰਭ ਹੋਈ ਸੋਚ ਇਸ ਦੌਰ ਵਿੱਚ ਪਹੁੰਚ ਕੇ ਵੀ ਖ਼ਤਮ ਨਹੀਂ ਹੋਈ। ਲੜਕੀ ਦੇ ਜਨਮ ਨੂੰ ਅਸ਼ੁੱਭ ਮੰਨਿਆ ਜਾਣ ਕਰਕੇ ਜਨਮ ਤੋਂ ਹੀ ਉਹ ਔਰਤ ਵਿਰੋਧੀ ਸੋਚ ਦਾ ਸ਼ਿਕਾਰ ਹੁੰਦੀ ਹੈ। ਵਿਗਿਆਨਿਕ ਲੱਭਤਾਂ ਦੇ ਵਿਕਾਸ ਨਾਲ ਔਰਤ ਜਾਤੀ ਦੀ ਹੋਂਦ ਖ਼ਤਰੇ ਵਿੱਚ ਪੈ ਗਈ ਹੈ। ਪੈਦਾ ਹੋਣ ਵਾਲੇ ਬੱਚੇ ਨੂੰ ਲੜਕੀ ਹੋਣ ਦੀ ਸੂਰਤ ਵਿੱਚ ਮਾਂ ਦੇ ਪੇਟ ਅੰਦਰ ਹੀ ਖ਼ਤਮ ਕਰ ਦਿੱਤਾ ਜਾਂਦਾ ਹੈ।* [23] ਭਰੂਣ ਹੱਤਿਆ ਨੂੰ ਇੱਕ ਵੱਡਾ ਅਪਰਾਧ ਦੱਸਦੇ ਹੋਏ ਅਤੇ ਇਸ ਰੁਝਾਨ ਨੂੰ ਮਾਨਵਤਾ ਲਈ ਬਹੁਤ ਵੱਡਾ ਖ਼ਤਰਾ ਮੰਨਦਿਆਂ ਅਜੋਕੇ ਸਮੇਂ ਦੀਆਂ ਸ਼ਾਇਰਾਤ ਇਸ ਦਾ ਪੁਰਜ਼ੋਰ ਵਿਰੋਧ ਕਰਦੀਆਂ ਹਨ :

*ਕੁੱਖਾਂ ਦੀਆਂ ਕਬਰਾਂ ਵਿਚ ਕੂੰਜਾਂ ਦਬਾਉਣ ਵਾਲੇ,*
*ਰੋਵਣਗੇ ਬਾਜ਼ ਇਕ ਦਿਨ ਚਿੜੀਆਂ ਦੀ ਤੋਟ 'ਤੇ।* [24]

*ਪਹਿਲਾਂ ਜਨਮ ਤੋਂ ਬਾਅਦ ਸੀ ਮਰਦੀ,*
*ਹੁਣ ਤਾਂ ਕੁੱਖ ਵਿੱਚ ਮਰਦੀ ਹਾਂ ਮੈਂ।* [25]

ਵਰਤਮਾਨ ਯੁੱਗ ਨੂੰ ਔਰਤ, ਮਰਦ ਸਮਾਨਤਾ ਦਾ ਯੁੱਗ ਕਿਹਾ ਜਾਂਦਾ ਹੈ। ਪਰ ਅਸਲੀਅਤ ਇਹ ਹੈ ਕਿ ਸਿਧਾਂਤਿਕ ਤੌਰ 'ਤੇ ਅਸੀਂ ਜੋ ਮਰਜ਼ੀ ਕਹੀ ਜਾਈਏ, ਵਿਵਹਾਰਿਕ ਤੌਰ 'ਤੇ ਅਸੀਂ ਇਸ ਤੋਂ ਕੋਹਾਂ ਦੂਰ ਹਾਂ। ਅੱਜ ਵੀ ਔਰਤ ਦੀ ਆਵਾਜ਼ ਨੂੰ ਦਬਾਇਆ ਜਾ ਰਿਹਾ ਹੈ। ਸਮਾਜ ਵਿੱਚ ਬਹੁਤ ਸਾਰੇ ਪ੍ਰਤਿਮਾਨ ਮਰਦ-ਸਿਰਜਿਤ ਹੋਣ ਕਰਕੇ ਔਰਤ ਹੋਂਦ ਦੇ ਵਿਰੋਧ ਵਿੱਚ ਹੀ ਨਜ਼ਰ ਆਉਂਦੇ ਹਨ।

*ਬੰਦਾ ਲੰਮਾ ਭਾਸ਼ਣ ਦੇਵੇ ਕਹਿਣ ਬੁਲਾਰਾ ਚੰਗਾ ਹੈ;*
*ਜੇਕਰ ਨਾਰੀ ਬੋਲੇ ਕਹਿੰਦੇ "ਚਲਦੀ ਇਹਦੀ ਜ਼ੁਬਾਨ ਬਹੁਤ।"* [26]

*ਗਲੋਬਲੀ ਦੌਰ ਦੀ ਔਰਤ ਦੋਹਰੀ ਲੁੱਟ ਦਾ ਸ਼ਿਕਾਰ ਹੋ ਰਹੀ ਹੈ। ਇਕ ਪਾਸੇ ਉਹ ਬਰਾਬਰੀ ਦੇ ਨਾਂ ਹੇਠ ਮਰਦ-ਪ੍ਰਧਾਨ ਸਮਾਜ ਵਿੱਚ ਮਰਦ ਦੇ ਮੋਢੇ ਨਾਲ ਮੋਢਾ ਲਾ ਕੇ ਕਰਮ-ਖੇਤਰ ਵਿੱਚ ਉਸ ਦੇ ਬਰਾਬਰ ਆਪਣੀ ਭੂਮਿਕਾ ਨਿਭਾਅ ਰਹੀ ਹੈ ਅਤੇ ਦੂਜੇ ਪਾਸੇ 'ਦੂਜੈਲੇ' ਸਥਾਨ ਦੀ ਧਾਰਨੀ ਹੋਣ ਦਾ ਸੰਤਾਪ ਵੀ ਹੰਢਾ ਰਹੀ ਹੈ। ਉਹ ਆਪਣੀ ਹੋਂਦ-ਸਥਾਪਤੀ ਲਈ ਨਿਰੰਤਰ ਸੰਘਰਸ਼ ਕਰਦੀ ਹੋਈ ਆਪਣੀ ਇਕ ਵੱਖਰੀ ਪਛਾਣ ਮੰਗਦੀ ਹੈ।* [27]

*ਨਾ ਵੱਖਰੀ ਧਰਤ ਮੰਗਦੀ ਹਾਂ ਤੇ ਨਾ ਅਸਮਾਨ ਮੰਗਦੀ ਹਾਂ।*
*ਜੇ ਮੰਗਦੀ ਹਾਂ ਤਾਂ ਬੱਸ ਇਕ ਵੱਖਰੀ ਪਹਿਚਾਣ ਮੰਗਦੀ ਹਾਂ।* [28]

ਉਪਰੋਕਤ ਚਰਚਾ ਉਪਰੰਤ ਸਾਰ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਨਾਰੀ ਗ਼ਜ਼ਲ-ਕਾਵਿ ਜਿੱਥੇ, ਨਾਰੀ ਸਰੋਕਾਰਾਂ ਪ੍ਰਤਿ ਚੇਤੰਨਤਾ ਲਿਆਉਣ ਵਾਲੀ ਪ੍ਰਭਾਵਸ਼ਾਲੀ ਵਿਧਾ ਵਜੋਂ ਰੂਪਮਾਨ ਹੁੰਦਾ ਹੈ, ਉੱਥੇ ਵਿਸ਼ਵ-ਵਿਆਪੀ ਸਰੋਕਾਰਾਂ ਨੂੰ ਵੀ ਆਪਣੇ ਕਲਾਵੇ ਵਿੱਚ ਲੈਂਦਾ ਹੈ। ਨਾਰੀ ਸਰੋਕਾਰਾਂ ਤਹਿਤ ਨਾਰੀ ਸਿਰਜਿਤ ਪੰਜਾਬੀ ਗ਼ਜ਼ਲ ਦਾ ਬੁਨਿਆਦੀ ਮਸਲਾ ਔਰਤ ਦੀ ਹੋਂਦ/ਪਛਾਣ ਦੀ ਸਥਾਪਤੀ ਦਾ ਹੈ। ਬੇਸ਼ਕ ਉਸ ਦੀ ਸਥਾਪਤੀ ਦੇ ਰਾਹ ਵਿੱਚ ਮੁੱਖ ਰੁਕਾਵਟ ਮਰਦ-ਪ੍ਰਧਾਨ ਸਮਾਜ ਹੈ, ਪਰੰਤੂ ਫਿਰ ਵੀ ਨਾਰੀ ਸਿਰਜਿਤ ਪੰਜਾਬੀ ਗ਼ਜ਼ਲ ਵਿੱਚ ਔਰਤ-ਮਰਦ ਦਾ ਰਿਸ਼ਤਾ ਇੱਕ ਦੂਜੇ ਦੇ ਪੂਰਕ ਵਜੋਂ ਹੀ ਪੇਸ਼ ਹੋਇਆ ਹੈ। ਇਹ ਨਾਰੀ ਆਜ਼ਾਦ ਹੋਂਦ ਵਜੋਂ ਮਰਦ ਨਾਲ ਸੰਵਾਦ ਰਚਾਉਣ ਦੀ ਕੋਸ਼ਿਸ਼ ਕਰਦੀ ਨਜ਼ਰ ਆਉਂਦੀ ਹੈ।

## ਹਵਾਲੇ ਅਤੇ ਟਿੱਪਣੀਆਂ


1. ਸਾਧੂ ਸਿੰਘ ਹਮਦਰਦ, ਗ਼ਜ਼ਲ ਜਨਮ ਤੇ ਵਿਕਾਸ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪਹਿਲਾ ਐਡੀਸ਼ਨ, 1985, ਪੰਨਾ:280.
2. ਉਹੀ, ਪੰਨਾ 255.
3. ਗੁਰਜਸਵਿੰਦਰ ਸਿੰਘ (ਸੰਪਾ.) ,ਵਿਸ਼ਵੀਕਰਨ ਦਾ ਪ੍ਰਵਚਨ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ,2006,ਪੰਨਾ:22.
4. ਹਰਿਭਜਨ ਸਿੰਘ ਭਾਟੀਆ,ਵਿਸ਼ਵੀਕਰਨ ਦੇ ਸਮਾਜਿਕ ਸਭਿਆਚਾਰਕ ਸਰੋਕਾਰ, ਸਰੋਕਾਰ (ਵਿਸ਼ਵੀਕਰਨ ਵਿਸ਼ੇਸ਼ ਅੰਕ) ਜੁਲਾਈ- ਸਤੰਬਰ 2005, ਪੰਨਾ:27.
5. ਡਾ. ਹਰਪਾਲ ਸਿੰਘ ਭੱਟੀ,ਜਦੀਦ ਪੰਜਾਬੀ ਗ਼ਜ਼ਲ ਸਰੋਕਾਰ ਅਤੇ ਸੰਚਾਰ, ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ ,2010, ਪੰਨਾ:162.
6. ਅਨੁ ਬਾਲਾ, ਕੱਚ ਦਾ ਅੰਬਰ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ,2022, ਪੰਨਾ:15.
7. ਡਾ. ਬਲਦੇਵ ਸਿੰਘ 'ਬੱਦਨ',ਡਾ. ਗੁਰਚਰਨ ਕੌਰ ਕੋਚਰ ਦੀ ਗ਼ਜ਼ਲ ਚੇਤਨਾ ਦੇ ਪਾਸਾਰ, ਨਵਰੰਗ ਪਬਲੀਕੇਸ਼ਨਜ਼, ਸਮਾਣਾ, 2022,ਪੰਨਾ:35.
8. ਸੁਖਵਿੰਦਰ ਅੰਮ੍ਰਿਤ, ਚਿਰਾਗ਼ਾਂ ਦੀ ਡਾਰ, ਲੋਕਗੀਤ ਪ੍ਰਕਾਸ਼ਨ ,ਚੰਡੀਗੜ੍ਹ, 2001, ਪੰਨਾ:16.
9. ਸੁਰਜੀਤ ਸਖੀ, ਮੈਂ ਸਿਕੰਦਰ ਨਹੀਂ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2004, ਪੰਨਾ:72.
10. ਅਨੁ ਬਾਲਾ,ਕੱਚ ਦਾ ਅੰਬਰ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2022, ਪੰਨਾ:12

11. ਗੁਰਚਰਨ ਸਿੰਘ ਅਰਸ਼ੀ, ਅਸਤਿਤਵਾਦ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ, 1984, ਪੰਨਾ:154.
12. ਸੁਰਜੀਤ ਸਖੀ, ਮੈਂ ਸਿੰਕਦਰ ਨਹੀਂ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ ਲੁਧਿਆਣਾ, 2004,ਪੰਨਾ:72.
13. ਸੁਖਵਿੰਦਰ ਅੰਮ੍ਰਿਤ, ਚਿਰਾਗ਼ਾਂ ਦੀ ਡਾਰ, ਲੋਕਗੀਤ ਪ੍ਰਕਾਸ਼ਨ ,ਚੰਡੀਗੜ੍ਹ, 2001, ਪੰਨਾ:49.
14. ਅਨੁ ਬਾਲਾ, ਰੁੱਖ ਰਬਾਬ, ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ ਲੁਧਿਆਣਾ, 2012, ਪੰਨਾ:19.
15. ਸੁਖਵਿੰਦਰ ਅੰਮ੍ਰਿਤ, ਚਿਰਾਗ਼ਾਂ ਦੀ ਡਾਰ, ਲੋਕਗੀਤ ਪ੍ਰਕਾਸ਼ਨ ,ਚੰਡੀਗੜ੍ਹ, 2001, ਪੰਨਾ:16.
16. ਉਹੀ, ਪੰਨਾ 18-19.
17. ਸੁਖਦੇਵ ਸਿੰਘ, ਵਿਸ਼ਵੀਕਰਨ ਅਤੇ ਪੰਜਾਬੀ ਕਵਿਤਾ, ਸਰੋਕਾਰ (ਵਿਸ਼ਵੀਕਰਨ ਵਿਸ਼ੇਸ਼ ਅੰਕ) ਜੁਲਾਈ- ਸਤੰਬਰ 2005, ਪੰਨਾ:70.
18. ਡਾ. ਬਲਦੇਵ ਸਿੰਘ 'ਬੱਦਨ',ਡਾ. ਗੁਰਚਰਨ ਕੌਰ ਕੋਚਰ ਦੀ ਗ਼ਜ਼ਲ ਚੇਤਨਾ ਦੇ ਪਾਸਾਰ, ਨਵਰੰਗ ਪਬਲੀਕੇਸ਼ਨਜ਼, ਸਮਾਣਾ,2022,ਪੰਨਾ:35.
19. ਅਨੁ ਬਾਲਾ, ਕੱਚ ਦਾ ਅੰਬਰ, ਚੇਤਨਾ ਪ੍ਰਕਾਸ਼ਨ ,ਪੰਜਾਬੀ ਭਵਨ, ਲੁਧਿਆਣਾ, 2022,ਪੰਨਾ:18.
20. ਅਨੁ ਬਾਲਾ, ਰੁੱਖ ਰਬਾਬ,ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ ਲੁਧਿਆਣਾ, 2012, ਪੰਨਾ:56.
21. ਸਿਮਰਨਜੋਤ ਮਾਨ, ਗੂੰਗੀ ਚੀਖ਼, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2013, ਪੰਨਾ:31.
22. ਉਹੀ, ਪੰਨਾ 67.
23. ਡਾ. ਹਰਪਾਲ ਸਿੰਘ ਭੱਟੀ, ਜਦੀਦ ਪੰਜਾਬੀ ਗ਼ਜ਼ਲ ਸਰੋਕਾਰ ਅਤੇ ਸੰਚਾਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010, ਪੰਨਾ:165.
24. ਸਿਮਰਨਜੋਤ ਮਾਨ, ਗੂੰਗੀ ਚੀਖ਼, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2013, ਪੰਨਾ 17.
25. ਡਾ. ਗੁਰਚਰਨ ਕੌਰ, ਹਰਫ਼ਾਂ ਦੀ ਮਹਿਕ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2015,ਪੰਨਾ:61.
26. ਅਮਰਜੀਤ ਕੌਰ ਨਾਜ਼, ਹਨ੍ਹੇਰਿਆਂ ਨੂੰ ਅਲਵਿਦਾ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2002, ਪੰਨਾ:79.
27. ਡਾ. ਹਰਪਾਲ ਸਿੰਘ ਭੱਟੀ, ਜਦੀਦ ਪੰਜਾਬੀ ਗ਼ਜ਼ਲ ਸਰੋਕਾਰ ਅਤੇ ਸੰਚਾਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010,ਪੰਨਾ:161.
28. ਅਮਰਜੀਤ ਕੌਰ ਨਾਜ਼ , ਹਨ੍ਹੇਰਿਆਂ ਨੂੰ ਅਲਵਿਦਾ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2002, ਪੰਨਾ 41.